# ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਪੰਜਾਬ, ਚੰਡੀਗੜ੍ਹ।

## ਪਬਲਿਕ ਨੋਟਿਸ

ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਪੰਜਾਬ ਨੇ ਈ.ਟੀ.ਟੀ.ਕਾਡਰ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਧੀਨ ਆਉਂਦੇ ਸਕੂਲ ਵਿੱਚ ਕੰਮ ਕਰਦੇ ਰੈਗੂਲਰ ਈ.ਟੀ.ਟੀ.ਅਧਿਆਪਕਾਂ ਵਿਚੋਂ ਬਦਲੀ ਰਾਹੀਂ ਭਰਨ ਦਾ ਫੈਸਲਾ ਕੀਤਾ ਹੈ।

ਇਸ ਪਬਲਿਕ ਨੋਟਿਸ ਰਾਹੀਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਧੀਨ ਆਉਂਦੇ ਜਿਲ੍ਹਾ ਪ੍ਰੀਸ਼ਦ ਰਾਹੀਂ ਚਲਾਏ ਜਾ ਰਹੇ ਸਕੂਲਾਂ ਦੇ ਅਧਿਆਪਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਦੀ ਵੈਬਸਾਈਟ www.ssapunjab.org ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਪੰਜਾਬ ਦੀ ਵੈਬਸਾਈਟ www.dpieepunjab.org ਤੇ ਦਿੱਤੀ ਗਈ ਸ਼ਾਰਣੀ ਮੁਤਾਬਿਕ ਆਪਣੇ ਜਿਲ੍ਹੇ ਦੇ ਸਬੰਧਿਤ ਚੇਅਰਮੈਨ/ਚੇਅਰਪਰਸ਼ਨ ਕਮ- ਜਿਲ੍ਹਾ ਸਿੱਖਿਆ ਅਫਸਰ (ਐ:ਸਿ) ਕੋਲ ਨਿੱਜੀ ਰੂਪ ਵਿੱਚ ਪੇਸ਼ ਹੋਣ। ਚਾਹਵਾਨ ਅਧਿਆਪਕ ਆਪਣੇ ਨਾਲ ਉਪਰੋਕਤ ਵਿਰਣਤ ਵੈਬ ਸਾਈਟਾਂ ਤੇ ਉਪਲੱਬਧ ਨਿਰਧਾਰਿਤ ਪ੍ਰਫਾਰਮਾਂ ਭਰ ਕੇ, ਜੋ ਸਬੰਧਿਤ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਦੁਆਰਾ ਤਸਦੀਕ ਕੀਤਾ ਹੋਏ ਨਾਲ ਲੈ ਕੇ ਆਉਣ।

ਜ਼ਿਲ੍ਹਵਾਰ ਸੀਨੀਆਰਤਾ ਦੀ ਕੱਟਆਫ ਲਿਸਟ ਉਪਰੋਕਤ ਵਰਣਤ ਵੈਬਸਾਈਟਾਂ ਤੇ ਉਪਲੱਬਧ ਹੈ। ਜਿਹੜੇ ਉਮੀਦਵਾਰਾਂ ਦੀ ਸੀਨੀਆਰਤਾ, ਕੱਟਆਫ ਲਿਸਟ ਵਿੱਚ ਦਰਸਾਈ ਗਈ ਸੀਨੀਆਰਤਾ ਤੋਂ ਘੱਟ ਹੋਵੇ, ਉਨ੍ਹਾਂ ਨੂੰ ਸਬੰਧਤ ਜਿਲ੍ਹੇ ਦੇ ਚੇਅਰਪਰਸ਼ਨ/ਚੇਅਰਮੈਨ-ਕਮ-ਜਿਲ੍ਹਾ ਸਿੱਖਿਆ ਅਫਸਰ (ਐ:ਸਿ) ਕੋਲ ਆਪਣੇ ਰਿਕਾਰਡ ਦੀ ਜਾਂਚ ਕਰਵਾਉਣ ਲਈ ਆਉਣ ਦੀ ਲੋੜ ਨਹੀਂ ਹੈ।

ਨਿਸ਼ਚਿਤ ਮਿਤੀ ਤੇ ਜੇ ਕਿਸੇ ਕਾਰਨ ਕੋਈ ਅਧਿਆਪਕ/ਅਧਿਆਪਕਾ ਹਾਜ਼ਰ ਹੋਣ ਵਿੱਚ ਅਸਮੱਰਥ ਰਹਿੰਦਾ/ਰਹਿੰਦੀ ਹੈ ਤਾਂ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਲਿਖਤੀ ਤੌਰ ਤੇ ਇਸ ਸਬੰਧੀ ਆਪਣੀ ਪ੍ਰਤੀ ਬੇਨਤੀ ਸਬੰਧਿਤ ਚੇਅਰਮੈਨ/ਚੇਅਰਪਰਸਨ ਨੂੰ ਭੇਜੇਗਾ/ਭੇਜੇਗੀ ਅਤੇ ਇਸ ਅਵਸਰ ਦੀ ਅਗਲੀ ਮਿਤੀ ਨਿਸ਼ਚਿਤ ਕਰਵਾਏਗਾ/ਕਰਵਾਏਗੀ।

ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)
ਪੰਜਾਬ, ਚੰਡੀਗੜ੍ਹ